# ਪ੍ਰਧਾਨ ਮੰਤਰੀ ਦੁਆਰਾ ਫਿਜੀ ਗਣਰਾਜ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ

22 ਮਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 22 ਮਈ 2023 ਨੂੰ ਪੋਰਟ ਮੋਰੇਸਬੀ ਵਿੱਚ, ਭਾਰਤ-ਪ੍ਰਸ਼ਾਂਤ ਟਾਪੂ ਸਹਿਯੋਗ (ਐਫਆਈਪੀਆਈਸੀ) ਲਈ ਫੋਰਮ ਦੇ ਤੀਜੇ ਸਿਖਰ ਸੰਮੇਲਨ ਦੇ ਮੌਕੇ 'ਤੇ, ਫਿਜੀ ਗਣਰਾਜ ਦੇ ਪ੍ਰਧਾਨ ਮੰਤਰੀ ਐਚ.ਈ.ਮਿਸਟਰ ਸਿਟਿਵਨੀ ਲਿਗਾਮਾਮਾਦਾ ਰਬੂਕਾ ਨਾਲ ਮੁਲਾਕਾਤ ਕੀਤੀ।

2. ਦੋਹਾਂ ਨੇਤਾਵਾਂ ਦਰਮਿਆਨ ਇਹ ਪਹਿਲੀ ਮੁਲਾਕਾਤ ਸੀ।

3. ਪ੍ਰਧਾਨ ਮੰਤਰੀ ਨੇ ਯਾਦ ਕੀਤਾ ਕਿ ਨਵੰਬਰ 2014 ਵਿੱਚ ਫਿਜੀ ਦੇ ਦੌਰੇ ਦੌਰਾਨ ਐਫਆਈਪੀਆਈਸੀ ਦੀ ਸ਼ੁਰੂਆਤ ਕੀਤੀ ਗਈ ਸੀ, ਅਤੇ ਜਿਕਰ ਕੀਤਾ ਕਿ ਉਸ ਸਮੇਂ ਤੋਂ ਹੀ ਪ੍ਰਸ਼ਾਂਤ ਟਾਪੂ ਦੇਸ਼ਾਂ (ਪੀਆਈਸੀ) ਨਾਲ ਭਾਰਤ ਦਾ ਸਹਿਯੋਗ ਵਧਿਆ ਹੈ।

4. ਦੋਵਾਂ ਨੇਤਾਵਾਂ ਨੇ ਦੋਵੇਂ ਦੇਸ਼ਾਂ ਦਰਮਿਆਨ ਨਜ਼ਦੀਕੀ ਅਤੇ ਬਹੁਪੱਖੀ ਵਿਕਾਸ ਸਾਂਝੇਦਾਰੀ ਦੀ ਸਮੀਖਿਆ ਕੀਤੀ ਅਤੇ ਸਮਰੱਥਾ ਨਿਰਮਾਣ, ਸਿਹਤ ਸੰਭਾਲ, ਜਲਵਾਯੂ ਕਾਰਵਾਈ, ਨਵਿਆਉਣਯੋਗ ਊਰਜਾ, ਖੇਤੀਬਾੜੀ, ਸਿੱਖਿਆ ਅਤੇ ਸੂਚਨਾ ਤਕਨਾਲੋਜੀ ਸਮੇਤ ਪ੍ਰਮੁੱਖ ਖੇਤਰਾਂ ਵਿੱਚ ਪ੍ਰਗਤੀ 'ਤੇ ਤਸੱਲੀ ਪ੍ਰਗਟਾਈ।

5. ਦੋਵਾਂ ਨੇਤਾਵਾਂ ਨੇ ਖੇਤਰੀ ਵਿਕਾਸ 'ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਬਹੁ-ਪੱਖੀ ਮੰਚਾਂ 'ਤੇ ਸਹਿਯੋਗ ਨੂੰ ਡੂੰਘਾ ਕਰਨ ਪ੍ਰਤੀ ਸਹਿਮਤੀ ਪ੍ਰਗਟਾਈ।

6. ਫਿਜੀ ਦੇ ਰਾਸ਼ਟਰਪਤੀ ਐਚ.ਈ. ਸ਼੍ਰੀ ਰਤੂ ਵਿਲੀਅਮ ਮਾਈਵਲੀਲੀ ਕਾਟੋਨੀਵੇਰੇ ਦੀ ਤਰਫੋਂ, ਪ੍ਰਧਾਨ ਮੰਤਰੀ ਰਬੂਕਾ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਫਿਜੀ ਗਣਰਾਜ ਦੇ ਸਰਵਉੱਚ ਸਨਮਾਨ - ਕੰਪੈਨੀਅਨ ਆਫ਼ ਦਾ ਆਰਡਰ ਆਫ਼ ਫਿਜੀ (ਸੀਐਫ) ਨਾਲ ਨਿਵਾਜਿਆ।

7. ਪ੍ਰਧਾਨ ਮੰਤਰੀ ਮੋਦੀ ਨੇ ਇਸ ਸਨਮਾਨ ਲਈ ਸਰਕਾਰ ਅਤੇ ਫਿਜੀ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਇਸਨੂੰ ਭਾਰਤ ਦੇ ਲੋਕਾਂ ਅਤੇ ਫਿਜੀ-ਭਾਰਤੀ ਭਾਈਚਾਰੇ ਦੀਆਂ ਪੀੜ੍ਹੀਆਂ ਨੂੰ ਸਮਰਪਿਤ ਕੀਤਾ, ਜਿਨ੍ਹਾਂ ਨੇ ਦੋਵਾਂ ਦੇਸ਼ਾਂ ਦੇ ਵਿਚਕਾਰ ਵਿਸ਼ੇਸ਼ ਅਤੇ ਸਥਾਈ ਬੰਧਨ ਵਿੱਚ ਮੁੱਖ ਭੂਮਿਕਾ ਨਿਭਾਈ ਹੈ।

**ਪੋਰਟ ਮੋਰੇਸਬੀ**

**22 ਮਈ, 2023**